# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ — ਸਮੈਸਟਰ ਚੌਥਾ

ਪੇਪਰ : ਬਾਈ (ਮੂਲ ਪਾਠ ਦਾ ਪਾਠਨ ਅਤੇ ਪ੍ਰਤਿਬਿੰਬਨ) — ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


**2.1** : ਮੂਲ ਪਾਠ ਦਾ ਪਾਠਨ ਅਤੇ ਪ੍ਰਤੀਬਿੰਬ

2.2 : ਪੁਸਤਕਾਂ ਦਾ ਲਿੰਗ, ਵਾਤਾਵਰਨ ਅਤੇ ਸਿਹਤ ਦੇ ਆਧਾਰ ਤੇ ਪ੍ਰਤਿਬਿੰਬਨ


**Department website : www.pbidde.org**

**ਪਾਠ ਨੰ: 2.1** **ਲੇਖਿਕਾ : ਡਾ. ਸਰਮੀਲਾ ਦੇਵੀ**

# ਮੂਲ ਪਾਠ ਦਾ ਪਾਠਨ ਅਤੇ ਪ੍ਰਤੀਬਿੰਬ

**ਪਾਠ ਦੀ ਬਣਤਰ**

2.1.1 ਉਦੇਸ਼
2.1.2 ਭੂਮਿਕਾ
2.1.3 ਪਾਠਨ ਦੀ ਮਹੱਤਤਾ
2.1.4 ਪਾਠ ਦੀ ਬਣਤਰ
2.1.5 ਪਾਠ ਦੀਆਂ ਤਕਨੀਕਾ
2.1.6 ਭਾਸ਼ਾ ਚ ਪਾਠਨ ਦੀ ਪ੍ਰਕਿਰਿਆ
2.1.7 ਵਿਗਿਆਨ ਚ ਪਾਠ ਦੀ ਪ੍ਰਕਿਰਿਆ
2.1.8 ਸਮਾਜਿਕ ਪਾਠ ਚ ਵਿਗਿਆਨ ਦੀ ਪ੍ਰਕਿਰਿਆ
2.1.9 ਗਣਿਤ ਚ ਪਾਠ ਦੀ ਪ੍ਰਕਿਰਿਆ
2.1.10 ਸਾਰਾਂਸ਼
2.1.11 ਸੁਝਾਵੇਂ ਪ੍ਰਸ਼ਨ
2.1.12 ਸੁਝਾਉ ਸਮਗ੍ਰੀ

## 2.1.1 ਉਦੇਸ਼ (Objectives)

**ਇਸ ਪਾਠ ਨੂੰ ਪੜ੍ਹਨ ਉਪਰੰਤ ਸਿੱਖਿਆਰਥੀ:**

1) ਮੂਲ ਪਾਠ ਦੀ ਧਾਰਨਾ ਬਾਰੇ ਜਾਣ ਸਕਣਗੇ।
2) ਭਾਸ਼ਾਂ, ਵਿਗਿਆਨ, ਸਮਾਜਿਕ ਵਿਗਿਆਨ ਅਤੇ ਗਣਿੱਤ ਆਦਿ ਚ ਮੌਜੂਦ ਪਾਠਨ ਦੀ ਧਾਰਨਾਵਾਂ ਬਾਰੇ ਯਾਦ ਕਰ ਸਕਣਗੇ।
3) ਪਾਠ ਦੀ ਮਹੱਤਤਾ ਬਾਰੇ ਸੂਚੀ ਬਣਾ ਸਕਣਗੇ।
4) ਪਾਠ ਦੀਆਂ ਵੱਖ-ਵੱਖ ਤਕਨੀਕਾਂ ਬਾਰੇ ਜਾਣ ਲੈਣਗੇ।
5) ਕਿਸੇ ਵੀ ਤਰ੍ਹਾਂ ਦੇ ਮੂਲ-ਪਾਠ ਦਾ ਪਾਠਨ ਅਤੇ ਪ੍ਰਤਿਬਿੰਬਨ ਕਰ ਸਕਣਗੇ।

## 2.1.2 ਭੂਮਿਕਾ (Introduction)

ਪਾਠਨ ਤੋਂ ਭਾਵ ਹੈ ਅਜਿਹੀ ਪ੍ਰਕਿਰਿਆ ਜਿਸ ਚ ਅਸੀ ਲਿਖੇ ਹੋਏ ਸਬਦਾ, ਸੰਕੇਤ ਚਿੰਨ੍ਹ ਆਦਿ ਨੂੰ ਦੇਖ ਕੇ ਪੜ੍ਹਦੇ ਹਾਂ ਅਤੇ ਉਸ ਸਮੱਗਰੀ ਵਿਚ ਅਰਥ ਕੱਢਦੇ ਹਾਂ।ਪਾਠਨ ਲਈ ਅਸੀ ਆਪਣੀਆਂ ਅੱਖਾਂ ਨਾਲ ਲਿਖੇ ਹੋਏ ਸੰਕੇਤ ਚਿੰਨ੍ਹਾਂ ਨੂੰ ਪੜਦੇ ਹਾਂ ਅਤੇ ਦਿਮਾਗ ਦੀ ਮਦਦ ਨਾਲ ਇਹਨਾਂ ਸਬਦਾ ਨੂੰ ਸ਼ਬਦ, ਵਾਕ ਅਤੇ ਅਨੁਛੇਦ ਚ ਬਦਲਦੇ ਹਾਂ। ਪਾਠਨ ਨੂੰ ਚੁੱਪ ਕਰਕੇ ਜਾਂ ਫੇਰ ਉੱਚੀ ਬੋਲ ਕੇ ਵੀ ਕਰ ਸਕਦੇ ਹਾਂ।

### 2.1.3 ਪਾਠਨ ਦੀ ਮਹੱਤਤਾ (Importance of Reading)

1. ਸਮਾਜਿਕ ਮਹੱਤਤਾ : ਸਮਾਜ ਚ ਰਹਿਣ ਲਈ ਸਾਨੂੰ ਪਾਠਨ ਦਾ ਆਉਣਾ ਬਹੁਤ ਜ਼ਰੂਰੀ ਹੈ ਜਿਵੇਂ ਕਿ ਦਵਾਈ ਦੀ ਬੋਤਲ ਉੱਤੇ ਲਿਖਿਆਂ ਨਾਮ, ਸੜਕ ਕੰਡੇ ਲਿਖੇ ਸੰਕੇਤ ਚਿੰਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ।

2. ਨੌਕਰੀ ਮਹੱਤਤਾ: ਅੱਜ ਸਿੱਖਿਆ ਗ੍ਰਹਣ ਕਰਨ ਤੋਂ ਬਾਅਦ ਸਾਨੂੰ ਪਾਠਨ ਦਾ ਆਉਣਾ ਅਤਿ ਜ਼ਰੂਰੀ ਹੈ।ਕੰਪਨੀ ਦੇ ਕਾਰਜ ਨੂੰ ਸਮਝਣ ਲਈ ਸਾਨੂੰ ਵੱਖ-ਵੱਖ ਵਿਸ਼ਾਂ ਵਸਤੂ ਦੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ।

3.ਸੰਚਾਰ ਚ ਵਾਧਾ: ਪਾਠਨ ਦੀ ਪ੍ਰਕਿਰਿਆ ਨਾਲ ਸਾਡੀ ਭਾਸ਼ਾ ਦੇ ਕੌਸ਼ਲ ਵਿਚ ਵੀ ਤਰੱਕੀ ਹੋ ਸਕਦੀ ਹੈ। ਇਸ ਨਾਲ ਅਸੀ ਦੂਸਰੇ ਦੇ ਵਿਚਾਰਾ ਨੂੰ ਸਮਝਣ ਵਿਚ ਸੰਪੂਰਨ ਹੋ ਸਕਦੇ ਹਾਂ ਅਤੇ ਇਸ ਨਾਲ ਸੰਚਾਰ ਵਿਚ ਵੀ ਵਾਧਾ ਹੁੰਦਾ ਹੈ।

4.ਟੀ.ਵੀ. ਕਹਾਣੀਆਂ ਆਦਿ ਦਾ ਪੜਨਾ: ਪਾਠਨ ਇਕ ਕੌਸ਼ਲ ਹੈ, ਜਿਵੇਂ ਕਿ ਅਸੀ ਟੀ.ਵੀ. ਵਿੱਚ ਚੀਜ਼ਾ ਨੂੰ ਦੇਖਦੇ ਹਾਂ, ਸੁਣਦੇ ਹਾਂ ਉਸੇ ਤਰ੍ਹਾਂ ਅਸੀ ਕਿਤਾਬਾ, ਰਸਾਲਿਆਂ ਵਿਚ ਲਿਖੀ ਸਮੱਗਰੀ ਨੂੰ ਪੜ੍ਹਨ ਦੇ ਕਾਬਿਲ ਬਣ ਜਾਂਦੇ ਹਾਂ।

5. ਲਿਖਣ ਦੇ ਹੁਨਰ ਨੂੰ ਨਿਖਾਰਨਾ: ਜਦੋ ਅਸੀ ਚੰਗੇ ਅਤੇ ਮਾੜੇ ਵਿਚਾਰਾਂ ਨੂੰ ਪੜਨ ਦੇ ਕਾਬਿਲ ਹੋ ਜਾਂਦੇ ਹਾਂ, ਉਸ ਸਮੇਂ ਅਸੀ ਕੁਝ ਜ਼ਰੂਰੀ  ਅਤੇ ਸਮਾਜ ਲਈ ਭਲਾਈ ਵਾਲਾ ਕੰਮ ਕਰਨ ਦੇ ਕਾਬਿਲ ਬਣ ਜਾਂਦੇ ਹਾਂ।

### 2.1.4 ਪਾਠਨ ਦੀਆਂ ਤਕਨੀਕਾਂ (Reading Techniques)

1. ਸਕਿੰਮਮਿੰਗ (skimming)  : ਇਸ ਨੂੰ ਸਾਰ ਪਾਠ ਵੀ ਕਿਹਾ ਜਾਂਦਾ ਹੈ।ਜਦੋ ਅਸੀ ਲੇਖ ਜਾਂ ਅਖਵਾਰ ਵਿਚ ਕਿਸੇ ਖਬਰ ਨੂੰ ਪੜਦੇ ਹਾਂ, ਉਸ ਸਮੇਂ ਅਸੀ ਸਾਰੀ ਖਬਰ ਨੂੰ ਪੜ੍ਹੇ ਬਿਨ੍ਹਾਂ , ਕੁਝ ਲਾਈਨਾ ਤੋਂ ਹੀ ਸਾਰ ਵਿਚੋਂ ਸਾਰੀ ਸੂਚਨਾਂ ਪ੍ਰਾਪਤ ਕਰ ਲੈਦੇ ਹਾਂ।

2. ਸਕੈਨਿੰਗ : ਜਿਵੇ ਕਿ ਅਸੀ ਕਿਤੇ ਘੁੰਮਣ ਦਾ ਪਲਾਨ ਬਣਾਉਦੇ ਹਾਂ, ਉਸ ਸਮੇਂ ਅਸੀ ਨਕਸ਼ੇ ਜਾਂ ਗਾਇਡ ਬੁੱਕ ਵਿਚੋਂ ਕੁਝ ਹੀ ਮਿੰਨਟਾਂ ਵਿਚ ਉਸ ਜਗ੍ਹਾਂ ਨੂੰ ਲੱਭ ਲੈਦੇ ਹਾਂ।ਇਸ ਨੂੰ ਸਕੈਨਿੰਗ ਕਹਿੰਦੇ ਹਨ, ਜਦੋਂ ਬਿਨ੍ਹਾਂ ਸਾਰੀ ਸਮੱਗਰੀ ਨੂੰ ਪੜ੍ਹੇ ਸਾਰ ਤੋਂ ਹੀ ਸਾਰੀ ਸੂਚਨਾਂ ਮਿਲ ਜਾਂਦੀ ਹੈ।

3.ਇੰਨਟੈਨਸਿਵ ਰੀਡਿੰਗ : ਇਹ ਜ਼ਿਆਦਾ ਸਮੇਂ ਵਿਚ ਪੜ੍ਹਨ ਵਾਲੀ ਤਕਨੀਕ ਹੈ, ਜਦੋਂ ਅਸੀ ਆਪਣੀ ਸ਼ਬਦਾਵਲੀ ਵਿਚ ਵਾਧਾ ਕਰਨਾ ਹੋਵੇ ਜਾਂ ਕ੍ਰਮਵਾਚਕ ਕਿਰਿਆ ਦਾ ਪਤਾ ਲਗਹਾਉਣਾ ਹੋਵੇ, ਉਸ ਸਮੇਂ ਇਹ ਰੀਡਿੰਗ ਕੰਮ ਆਉਂਦੀ ਹੈ। ਇਸ ਨਾਲ ਚੀਜਾਂ ਨੂੰ ਲੰਮੇ ਸਮੇਂ ਤੱਕ ਯਾਦ ਰੱਖਿਆ ਜਾਂ ਸਕਦਾ ਹੈ।

4. ਐਕਸਟੈਨਸ਼ਿਵ ਰੀਡਿੰਗ: ਇਹ ਉਹ ਪਾਠਨ ਹੈ ਜੋ ਅਸੀ ਆਪਣੇ ਮਨੋਰੰਜਨ ਲਈ ਕਰਦੇ ਹਾਂ।ਜਦੋਂ ਵਿਦਿਆਰਥੀ ਕਿਸੇ ਲੇਖ ਜਾਂ ਪਾਠ ਨੂੰ ਪੜ੍ਹਨ ਵਿਚ ਦਿਲਚਸਪੀ ਨਹੀਂ ਰੱਖਦੇਉਹ ਬੱਚੇ ਇਸ ਤਕਨੀਕ ਦੀ ਮਦਦ ਲੈਦੇ ਹਨ ਅਤੇ ਪਾਠ ਨੂੰ ਖਤਮ ਕਰ ਲੈਦੇ ਹਨ।

### 2.1.5 ਭਾਸ਼ਾ 'ਚ ਪਾਠਨ ਦੀ ਪ੍ਰਕਿਰਿਆ

ਭਾਸ਼ਾ ਚ ਪਾਠਨ ਕਰਨ ਦੇ ਵੱਖ-ਵੱਖ ਢੰਗ ਹਨ ਜਿਵੇਂ ਕਿ :
ਕਵਿਤਾ ਚ ਗਾ ਕੇ ਉਸ ਦੇ ਮਤਲਵ ਨੂੰ ਸਮਝਿਆਂ ਜਾਂਦਾ ਹੈ। ਇਸੇ ਤਰ੍ਹਾਂ ਲੇਖ, ਪਾਠ, ਵਿਆਕਰਨ ਆਦਿ ਦੇ ਵੱਖਰੇ ਤਰੀਕੇ ਹਨ।

### 2.1.6 ਵਿਗਿਆਨ 'ਚ ਪਾਠਨ ਦੀ ਪ੍ਰਕਿਰਿਆਂ

ਵਿਗਿਆਨ ਦੀਆਂ ਪਾਠਸ਼ਾਲਾਵਾਂ ਵਿਚ ਵਿਦਿਆਰਥੀਆਂ ਨੂੰ ਵੱਖ-2 ਤਰ੍ਹਾਂ ਦੀ ਸਮੱਗਰੀ ਦਾ ਪਾਠਨ ਕਰਨਾ ਹੁੰਦਾ ਹੈ ਜਿਵੇਂ ਕਿ ਵਿਗਿਆਨ ਦੀਆਂ ਪਾਠ ਪੁਸਤਕਾਂ, ਪ੍ਰਯੋਗ ਰਸਾਲੇ ਅਤੇ ਅਖਵਾਰਾਂ ਆਦਿ । ਇਹ ਸਭ ਵਿਦਿਆਰਥੀ ਕਿਸੇ ਵੀ ਮੁਸ਼ਕਿਲ ਨੂੰ ਹੱਲ ਕਰਨ ਲਈ, ਪ੍ਰਯੋਗ ਦੇ ਪੱਧਰ ਜਾਨਣ ਲਈ, ਸਵਾਲਾਂ ਦੇ ਉੱਤਰ

ਦੇਣ ਲਈ ਆਪਣੇ ਆਏ ਨਤੀਜੇ ਨੂੰ ਘੋਸ਼ਿਤ ਕੀਤੇ ਗਏ ਨਤੀਜਿਆਂ ਨਾਲ ਮੇਚ ਕਰਨ ਲਈ, ਕਿਸੇ ਧਾਰਨਾ ਬਾਰੇ ਆਪਣੀ ਬੁਨਿਆਦਿ ਸਮਝ ਨੂੰ ਅਤੇ ਆਪਣੀ ਵਿਗਿਆਨਕ ਰੂਚੀ ਨੂੰ ਪੂਰਾ ਕਰਨ ਲਈ ਕਰਦੇ ਹਨ।

2.1.7 ਸਮਾਜਿਕ ਵਿਗਿਆਨ ਚ ਪਾਠਨ ਦੀ ਪ੍ਰਕਿਰਿਆ : ਸਮਾਜਿਕ ਵਿਗਿਆਨ ਵਿਚ ਅਸੀ ਆਪਣੇ ਸੱਭਿਆਚਾਰ, ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕਰਦੇ ਹਾਂ।ਇਸ ਦੇ ਵੱਖ-ਵੱਖ ਸੰਸਾਧਨ ਹਨ ਜਿਵੇ ਕਿ ਅਖਵਾਰ, ਰਸਾਲੇ, ਤਸਵੀਰਾਂ, ਗਾਣੇ, ਅਤੇ ਕਾਟਰੂਨ ਅਤੇ ਵੱਖ-ਵੱਖ ਬੁਲਾਰਿਆਂ ਦੇ ਵਿਚਾਰ ਆਦਿ।ਮਲਟੀ ਮੀਡਿਆ ਸੰਸਾਧਨ ਨਾਲ ਵਿਦਿਆਰਥੀਆਂ ਨੂੰ ਇਤਿਹਾਸ ਦੇ ਪ੍ਰਸ਼ਨ ਹੱਲ ਕਰਨ ਵਿਚ ਮਦਦ ਮਿਲਦੀ ਹੈ ਅਤੇ ਸ਼ਬਦਾਬਲੀ ਦੇ ਵੱਖ-ਵੱਖ ਸ਼ਬਦਾਂ ਦੇ ਅਨੁਵਾਦ ਵੀ ਸ਼ਪਸ਼ਟ ਹੋ ਜਾਂਦੇ ਹਨ।ਸਹਿਕਾਰੀ ਸਿਖਣ ਨਾਲ ਬੱਚੇ ਇਤਿਹਾਸ ਦੀਆਂ ਵੱਖ-ਵੱਖ ਭੁਮਿਕਾ ਨਿਭਾ ਕੇ ਮੂਲ ਪਾਠ ਨੂੰ ਹੋਰ ਵੀ ਦਿਲਚਸਪ ਬਣਾ ਲੈਂਦੇ ਹਨ।

2.1.8 ਗਣਿਤ ਵਿਚ ਪਾਠਨ ਦੀ ਪ੍ਰਕਿਰਿਆ : ਗਣਿਤ ਵਿਚ ਅਧਿਆਪਣ ਆਪਣੀ ਸੋਚ ਨੂੰ ਬੋਲ ਕੇ ਵਿਦਿਆਰਥੀਆਂ ਸਾਹਮਣੇ ਦਰਸਾਉਂਦੇ ਹਨ ਅਤੇ ਰਲ-ਮਿਲ ਕੇ ਸਵਾਲ ਦੇ ਅਸਲ ਮਤਲਬ ਉੱਤੇ ਪਹੁੰਚਦੇ ਹਨ ਜਾਂ ਬੱਚਿਆਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਆ ਰਹੀਆਂ ਮੁਸਕਿਲਾਂ ਨੂੰ ਬਾਰੇ ਪੁੱਛ ਕੇ ਅਤੇ ਬੱਚਿਆਂ ਰਾਹੀ ਹੀ ਉਹਨਾਂ ਮੁਸ਼ਕਿਲਾਂ ਨੂੰ ਹੱਲ ਕੀਤਾ ਜਾਂਦਾ ਹੈ। ਐਨ. ਸੀ. ਟੀ. ਈ(1996) ਅਨੁਸਾਰ ਗਣਿਤ ਨੂੰ ਜ਼ਿਆਦਾਤਰ ਸੰਕੇਤ ਚਿੰਨ੍ਹਾਂ ਰਾਹੀ ਸਾਹਮਣੇ ਰੱਖਿਆ ਜਾਂਦਾ ਹੈ ਅਤੇ ਇਹਨਾਂ ਬਾਰੇ ਮੌਖਿਕ ਅਤੇ ਲਿਖਿਤ ਸੰਚਾਰ ਨੂੰ ਬਹੁਤ ਘੱਟ ਮਹੱਤਤਾ ਦਿੱਤੀ ਜਾਂਦੀ ਹੈ। ਇਸ ਲਈ ਅਧਿਆਪਕ ਹੀ ਬੱਚਿਆ ਦਾ ਗਣਿਤ ਵਿਚ ਮੌਖਿਕ ਅਤੇ ਲਿਖਿਤ ਸੰਚਾਰ ਦਾ ਵਿਕਾਸ ਕਰ ਸਕਦਾ ਹੈ।

### 2.1.9 ਸਾਰਾਂਸ

ਇਸ ਪਾਠ ਵਿਚ ਅਸੀ ਮੂਲ ਪਾਠ ਦੇ ਅਧਿਐਨ ਅਤੇ ਪ੍ਰਤੀਬਿੰਬ ਬਾਰੇ ਜਾਣਕਾਰੀ ਹਾਸਿਲ ਕੀਤੀ ਹੈ ਅਤੇ ਪਾਠਨ ਦੀਆਂ ਵੱਖ-ਵੱਖ ਤਕਨੀਕਾਂ ਜਿਵੇਂ ਕਿ ਭਾਸ਼ਾ ਵਿਗਿਆਨ, ਸਮਾਜਿਕ ਵਿਗਿਆਨ ਅਤੇ ਗਣਿਤ ਆਦਿ ਹਨ। ਇਸ ਤਰ੍ਹਾਂ ਵਿਦਿਆਰਥੀਆ ਦੀ ਸ਼ਬਦਾਬਲੀ ਲਈ ਰੂਚੀ ਪੈਦਾ ਕੀਤੀ ਜਾਂ ਸਕਦੀ ਹੈ।

### 2.1.10 ਸੁਝਾਵੇਂ ਪ੍ਰਸ਼ਨ

ਪ੍ਰਸ਼ਨ 1. ਮੂਲ-ਪਾਠ ਦਾ ਪਾਠਨ ਜਾਂ ਅਧਿਐਨ ਦੀ ਮਹੱਤਤਾ ਬਾਰੇ ਵਿਸਥਾਰ ਚ ਲਿਖੋ।
ਪ੍ਰਸ਼ਨ 2.ਪਾਠਨ ਵਿਚ ਮੌਜੂਦ ਵੱਖ-ਵੱਖ ਤਕਨੀਕਾਂ ਕਿਹੜੀਆਂ ਹਨ।
ਪ੍ਰਸ਼ਨ 2.1. ਗਣਿਤ ਅਤੇ ਵਿਗਿਆਨ ਦੀ ਪਾਠਨ ਪ੍ਰਕਿਰਿਆ ਵਿਚਕਾਰ ਅੰਤਰ ਕੀ ਹੈ। ਇਸ ਬਾਰੇ ਦੋ ਅੰਤਰ ਲਿਖੋ।

### 2.1.11 ਸੁਝਾਈਆਂ ਪੁਸਤਕਾਂ ਅਤੇ ਵੈਬ ਸੋਮੇ: Suggested Readings

Isaacson, R.M., and Fujita, F., 2006, Metacognitive knowledge monitoring and selfregulated learning: Academic success and reflections on learning: Journal of the Scholarship of Teaching and Learning, v. 6, p., 39-55.

Lorch, Jr., R.F., Lorch, P.E., and Klusewitz, M.A., 1993, College students' conditional knowledge about reading: Journal of Educational Psychology, v. 85, p. 239-252.

Mokhtari, K., and Reichard, C.A., 2002, Assessing students' metacognitive awareness of reading strategies: Journal of Educational Psychology, v. 94, p. 249-259.

Paris, S.G., Wasik, B.A., and Turner, J.C., 1996, The development of strategic readers: in Barr, R., Kamil, M.L., Mosenthal, P., and Pearson, P.D. (editors), Handbook of Reading Research, Vol. 2, Erlbaum Associates, p. 609-640.

Pintrich, P.R., 2002, The role of metacognitive knowledge in learning, teaching, and assessing: Theory Into Practice, v. 41, p. 219-225.

Rawson, K.A., and Dunlosky, J., 2007, Improving students' self-evaluation of learning for key concepts in textbook materials: European Journal of Cognitive Psychology, v. 19, no. 4/5, p. 559-579.

Taraban, R., Rynearson, K., and Kerr, M., 2000, College students' academic performance and self-reports of comprehension strategy use: Reading Psychology, v. 21, p. 283-308.

Taylor, S., 1999, Better learning through better thinking: Developing students' metacognitive abilities: Journal of College Reading and Learning, v. 30, p. 34-45.

Peter Hannon ,Reflecting on Literacy in Education, Routledge Publication.

Gillie Bolton ,Reflective Practice: Writing and Professional Development .Sage Publication.

William R. Smalzer, Write to be Read Teacher's Manual: Reading, Reflection, and Writing. Cambridge University Press.

Deborah Brandt, Literacy and Learning: Reflections on Writing, Reading, and Society. Wiley Publishers.

Judy Richardson, Raymond Morgan, Charlene Fleener Reading to Learn in the Content Areas. Cinage Learning.

Pramodini Varma, Fluency in English . Mukti Sanyal, Tulika Prasad . Macmillan.

---

ਪਾਠ ਨੰ: 2.2 ਲੇਖਿਕਾ ਡਾ. ਸ਼ਰਮੀਲਾ ਦੇਵੀ

---

# ਪੁਸਤਕਾਂ ਦਾ ਲਿੰਗ, ਵਾਤਾਵਰਨ ਅਤੇ ਸਿਹਤ ਦੇ ਆਧਾਰ ਤੇ ਪ੍ਰਤਿਬਿੰਬਨ ਪਾਠ ਦੀ ਬਣਤਰ:

2.2.1 ਉਦੇਸ਼
2.2.2 ਭੂਮਿਕਾ
2.2.3 ਸਿੱਖਿਆ 'ਚ ਪੁਸਤਕਾਂ ਇਕ ਸੰਦ ਦੀ ਤਰ੍ਹਾਂ
2.2.4 ਸਮਾਜਿਕ ਪਰੀਵਰਤਨ 'ਚ ਪੁਸਤਕਾਂ ਇਕ ਸੰਦ ਦੀ ਤਰ੍ਹਾਂ
2.2.5 ਸਿੱਖਿਆ ਅਤੇ ਲਿੰਗ ਦੀ ਬਰਾਬਰਤਾ
  2.2.5.1 ਪੁਸਤਕਾਂ 'ਚ ਲਿੰਗ ਦਾ ਚਿੱਤਰਣ
  2.2.5.2 ਹਿਸਾਬ ਦੀ ਪੁਸਤਕਾਂ 'ਚ ਲਿੰਗ ਦਾ ਚਿੱਤਰਣ
2.2.6 ਕਿਤਾਬਾਂ 'ਚ ਵਾਤਾਵਰਣ ਦਾ ਚਿੱਤਰਣ
2.2.7 ਕਿਤਾਬਾਂ 'ਚ ਸਿਹਤ ਦਾ ਚਿੱਤਰਣ
2.2.8 ਸਾਰਾਂਸ਼
2.2.9 ਸੁਝਾਵੇਂ ਪ੍ਰਸ਼ਨ
2.2.10 ਸੁਝਾਓ ਸਾਮਗ੍ਰੀ

**2.2.1 ਉਦੇਸ਼:** (Objectives)

ਇਸ ਪਾਠ ਨੂੰ ਪੜਨ ਉਪਰੰਤ ਸਿੱਖਿਆਰਥੀ:

1) ਪੁਸਤਕਾਂ ਦੀ ਧਾਰਨਾ ਬਾਰੇ ਜਾਣ ਸਕਣਗੇ।
2) ਪੁਸਤਕਾਂ 'ਚ ਵੱਖ-ਵੱਖ ਤੱਤਾਂ ਜਿਵੇਂ ਕਿ ਲਿੰਗ, ਸਿਹਤ ਅਤੇ ਵਾਤਾਵਰਣ ਆਦਿ ਉਤੇ ਚਿੰਤਨ ਕਰ ਸਕਣਗੇ।
3) ਪਾਠਕ ਅਤੇ ਲੇਖਕ ਦੇ ਤੌਰ ਤੇ ਆਪਣੀ ਯੋਗਤਾ ਨੂੰ ਵਧਾ ਸਕਦੇ ਹਨ।

4) ਪੁਸਤਕਾਂ ਨੂੰ ਪੜਨ ਦੇ ਤਰੀਕਿਆਂ ਨੂੰ ਪਲੈਨ ਕਰ ਸਕਣਗੇ- ਭਾਵੇਂ ਇਕੱਲੇ ਜਾਂ ਛੋਟੇ-ਛੋਟੇ ਜੁਟਾਂ 'ਚ ਪੜਨ।
5) ਦਸਤਾਵੇਜਾਂ ਨੂੰ ਪੜਨ ਤੋਂ ਬਾਅਦ ਇਕ ਉਦੇਸ਼ ਨਾਲ ਉਸ ਉੱਤੇ ਵਿਚਾਰ ਕਰ ਸਕਣਗੇ।

**2.2.2 ਭੂਮਿਕਾ: (Introduction)**

ਇਕ ਪੁਸਤਕ 'ਚ ਲੇਖਕ ਦੇ ਮੂਲ-ਸ਼ਬਦ ਅਤੇ ਕੁੱਝ ਤਸਵੀਰਾਂ ਆਦਿ ਮੌਜੂਦ ਹੁੰਦੀਆਂ ਹਨ, ਜੋ ਕਿ ਉਮਰ ਅਤੇ ਵਿਸ਼ੇ ਦੇ ਮੁਤਾਬਿਕ ਵੱਖ-ਵੱਖ ਤਰ੍ਹਾਂ ਦੀਆਂ ਹੁੰਦੀਆਂ ਹਨ। ਇਹਨਾਂ ਪੁਸਤਕਾਂ ਨਾਲ ਬੱਚੇ ਦੇ ਅੰਦਰ ਬ੍ਰਿਨਿਆਦੀ ਸਿੱਖਿਆ ਅਤੇ ਸਮਾਜ ਦੇ ਵੱਖ-ਵੱਖ ਸਭਿਆਚਾਰਾਂ ਦਾ ਵਿਕਾਸ ਹੁੰਦਾ ਹੈ। ਪਿਛਲੇ 30 ਸਾਲਾਂ ਦੀ ਖੋਜ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਖਾਸ ਕਰਕੇ ਪੁਸਤਕਾਂ ਸੱਭ ਤੋਂ ਵੱਧ ਫਾਇਦੇਮੰਦ ਹੈ ਅਤੇ ਇਸ ਨਾਲ ਸਿੱਖਿਆ ਦੀ ਵਿਸ਼ੇਸ਼ਤਾ 'ਚ ਵੀ ਵਾਧਾ ਹੁੰਦਾ ਹੈ।

**2.2.3 ਸਿੱਖਿਆ 'ਚ ਪੁਸਤਕਾਂ ਇਕ ਸੰਦ ਦੀ ਤਰ੍ਹਾਂ: (Text books as tools for Education)**

ਪੁਸਤਕਾਂ ਨਾਲ ਅਸੀ ਹਰ ਤਰ੍ਹਾਂ ਦੀ ਸੂਚਨਾ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਾਂ। ਇਸ ਨਾਲ ਨਾ ਕੇਵਲ ਪੜਨ ਅਤੇ ਲਿਖਣ ਦੀ ਯੋਗਤਾ 'ਚ ਤਰੱਕੀ ਹੁੰਦੀ ਹੈ ਬਲਕਿ ਵਿਦਿਆਰਥੀਆਂ 'ਚ ਅਲੋਚਨਾਤਮਕ ਸੋਚ, ਆਜ਼ਾਦੀ ਅਤੇ ਸਿਰਜਨਸ਼ੀਲਤਾ ਆਦਿ ਗੁਣਾਂ ਦਾ ਵਿਸਥਾਰ ਹੁੰਦਾ ਹੈ।

ਅੱਜ ਗਰੀਬ ਪਰੀਵਾਰਾਂ ਦੇ ਬੱਚਿਆ 'ਚ ਸਿਰਫ ਪੁਸਤਕਾਂ ਤੋਂ ਇਲਾਵਾ ਹੋਰ ਸਾਧਨਾ ਤੱਕ ਪਹੁੰਚ ਹਾਸਿਲ ਕਰਨਾ ਬਹੁਤ ਹੀ ਮੁਸ਼ਕਿਲ ਹੈ। ਇਸ ਲਈ ਸਾਡੀ ਸਿੱਖਿਆ ਨੀਤੀ 'ਚ ਪ੍ਰਾਸਤਕਾਂ ਦਾ ਬੱਚਿਆ ਤੱਕ ਪਹੁੰਚਣਾ ਸੱਭ ਤੋਪੰ ਅਹਿਮ ਸੁਝਾਉ ਹੁੰਦਾ ਹੈ।

ਕਈ ਵਾਰ ਅਧਿਆਪਕਾਂ ਲਾਈ ਪੁਸਤਕਾਂ ਦਾ ਹੋਣਾ ਸੱਭ ਤੋਂ ਆਖਰੀ ਸਾਧਨ ਮੰਨਿਆ ਜਾਂਦਾ ਹੈ। ਕਿਉਂਕਿ ਕਿਤਾਬਾਂ 'ਚ ਪਾਠਕ੍ਰਮ ਦੇ ਸਾਧਾਰਨ ਤੱਤ ਆਦਿ ਹੁੰਦੇ ਹਨ। ਸਿੱਖਿਆ 'ਚ ਆਦਿ ਮੌਜੂਦ ਸਾਰੇ ਸਾਧਨਾਂ ਨਾਲੋਂ ਪੁਸਤਕਾਂ ਸੱਭ ਤੋਂ ਸੱਸਤੀਆ ਪਾਈਆਂ ਜਾਂਦੀਆ ਹਨ।

**2.2.4 ਸਮਾਜਿਕ ਪਰੀਵਰਤਨ 'ਚ ਪੁਸਤਕਾਂ ਇਕ ਸੰਦ ਦੀ ਤਰ੍ਹਾਂ: (Text books as tools for social change)**

ਸਮਾਜੀਕਰਣ : ਪੁਸਤਕਾਂ ਸਮਾਜ ਦੇ ਹਰ ਇਕ ਪਹਿਲੂ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਹ ਆਪਣੀ ਸੂਚਨਾ ਦੇ ਨਾਲ ਸਮਾਜ ਦੇ ਆਦਰਸ਼ਾ, ਕਦਰਾਂ-ਕੀਮਤਾਂ ਦਾ ਵਿਸਥਾਰ ਰੂਪ 'ਚ ਵਰਣਨ ਕਰਦੀਆਂ ਹਨ।

ਮਨੁੱਖੀ ਹੱਕ : ਇਸ ਤੋਂ ਭਾਵ ਹੈ ਪੁਸਤਕਾਂ ਦੇ ਰਾਹੀਂ ਵਿਵ ਪਧੱਰੀ ਮਨੁੱਖੀ ਹੱਕਾਂ ਦਾ ਸਾਰਿਆ ਤੱਕ ਪਹੁੰਚਨਾ ਅਤੇ ਨਾ ਕੇਵਲ ਚਿੰਤਨ ਦੇ ਆਧਾਰ ਤੇ ਬਲਕਿ ਸਾਰੇ ਮਨੁੱਖਾ ਨੂੰ ਬਰਾਬਰ ਦੇ ਹੱਕ ਦੇਣੇ ਅਤੇ ਇਨ੍ਹਾਂ ਹੱਕਾਂ ਬਾਰੇ ਜ਼ਿਆਦਾ ਤੋਂ ਜ਼ਿਆਦਾ ਸੂਚਨਾ ਪ੍ਰਦਾਨ ਕਰਨੀ।

**2.2.5 ਸਿੱਖਿਆ ਅਤੇ ਲਿੰਗ ਦੀ ਬਰਾਬਰਤਾ: (Education and Gender Equality)**

1948 ਦੇ ਮਨੁੱਖੀ ਹੱਕਾਂ ਜਿਨ੍ਹਾਂ ਨੂੰ 1948 Universal Declaration of Human Rights ਵੀ ਕਿਹਾ ਜਾਂਦਾ ਹੈ ਅਤੇ 1950 ਦੀ ਚੌਥੀ ਵਿਸ਼ਵ ਪੱਧਰੀ ਕਾਨਫਰੈਂਸ 'ਚ ਔਰਤਾਂ, ਲੜਕੀਤਾ ਆਂਦਿ ਪਿਛਲੇ ਵਰਗ ਨੂੰ ਮਨੁੱਖੀ ਹੱਕਾਂ ਦਾ ਅਹਿਮ ਹਿੱਸਾ ਮੰਨਿਆ ਗਿਆ ਸੀ। ਇਸ ਸਾਰੇ ਮੂਲ-ਪਾਠ ਵਿਚੋਂ Right to education for all ਨੂੰ ਬਰਾਬਰ ਦੇ ਅਧਿਕਾਰਾਂ ਲਈ ਅਹਿਮ ਹਿੱਸਾ ਮੰਨਿਆ ਗਿਆ ਹੈ।

2.2.5.1 ਪੁਸਤਕਾਂ 'ਚ ਲਿੰਗ ਦਾ ਚਿੱਤਰਣ ਲਿੰਗ ਨੂੰ ਸਭਿਆਚਾਰ ਦੇ ਨਾਲ ਜੋੜਿਆ ਜਾਂਦਾ ਹੈ ਜਿਵੇਂ ਕਿ ਸਮਾਜਿਕ ਵੰਡ ਅਨੁਸਾਰ ਲਿੰਗ ਨੂੰ ਪੁਲਿੰਗ ਅਤੇ ਇਸਤਰੀ ਲਿੰਗ ਕਿਹਾ ਜਾਂਦਾ ਹੈ।

ਲਿੰਗ ਨੂੰ ਸਮਾਜਿਕ ਵੰਡ ਅਨੁਸਾਰ ਹੀ ਵੱਖ-ਵੱਖ ਗੁਣਾ, ਸ਼ੋਕ, ਦ੍ਰਿਸ਼ਟੀਕੋਣ, ਭੂਮਿਕਾ ਅਤੇ ਜ਼ਿੰਮੇਦਾਰੀਆ ਨਾਲ ਪੇਸ਼ ਕੀਤਾ ਜਾਂਦਾ ਹੈ। ਅਸੀ ਪੁਸਤਕਾਂ ਨੂੰ ਇਕ ਅਧਿਆਪਨ ਸੰਦ ਦੀ ਤਰ੍ਹਾਂ ਵਰਤੋਂ 'ਚ ਲਿਆ ਕੇ ਲਿੰਗ ਦੀ ਬਰਾਬਰਤਾ ਲਈ ਠੋਸ ਕਦਮ ਚੱਕ ਸਕਦੇ ਹਾਂ।

2.2.5.2 ਹਿਸਾਬ ਦੀ ਪੁਸਤਕਾਂ 'ਚ ਲਿੰਗ ਦਾ ਚਿੱਤਰਣ

1. ਸਾਰੇ ਵਿਸ਼ਿਆ ਦਾ ਹੋਣਾ ਬੇਹੱਦ ਜ਼ਰੂਰੀ

ਹਿਸਾਬ ਤੋਂ ਇਲਾਵਾ ਹਰ ਇਕ ਵਿਸ਼ੇ 'ਚ ਸਮਾਜਿਕ ਚਿੱਤਰਾਂ ਦਾ ਵਰਨਣ ਕੀਤਾ ਗਿਆ। ਇਸੇ ਲਈ ਹਿਸਾਬ ਦੀ ਪਾਠ ਪੁਸਤਕ ਨੂੰ ਲਿੰਗ ਆਧਾਰਿਤ ਉਦਾਰਨਾਂ ਦਾ ਪੇਸ਼ ਕਰਨਾ ਜ਼ਰੂਰੀ ਹੈ।

2. ਲਿੰਗ ਆਧਾਰਿਤ ਪੜਾਈ ਦੀ ਵੰਢ ਕਰਨਾ

ਸ਼ੁਰੂ ਤੋਂ ਹੀ ਇਹ ਮੰਨਿਆ ਜਾਂਦਾ ਹੈ ਕਿ ਮੁੰਡਿਆ ਨੂੰ ਵਿਗਿਆਨ ਅਤੇ ਟੈਕਨੀਕਲ ਵਿਸ਼ਿਆ 'ਚ ਅਤੇ ਲੜਕੀਆਂ ਨੂੰ ਸਮਾਜਿਕ ਸਿੱਖਿਆ ਆਦਿ 'ਚ ਵਧੀਆ ਮੰਨਿਆ ਜਾਂਦਾ ਹੈ। ਇਸ ਧਾਰਨਾ ਨੂੰ ਵੀ ਖਤਮ ਕਰਨ 'ਚ ਪੁਸਤਕਾਂ ਜ਼ਰੂਰੀ ਸੰਦ ਹਨ।

**2.2.6 ਕਿਤਾਬਾਂ 'ਚ ਵਾਤਾਵਰਣ ਦਾ ਚਿੱਤਰਣ (Environment Respresentation in Text Books)**

ਵਾਤਾਵਰਣ ਦੇ ਵੱਖ-ਵੱਖ ਪ੍ਰਸੰਗਾ ਨੂੰ ਸਕੂਲ ਦੇ ਵਿਸ਼ੇ ਦੇ ਨਾਲ ਜੋੜ ਕੇ ਪੜਾਉਂਣਾ। ਸਮਾਜਿਕ ਸਿੱਖਿਆ ਵਾਲੇ ਵਿਸ਼ੇ ਦੇ ਵਿਚ ਪਰਿਵਾਰ, ਨਾਗਰਿਕਤਾ, ਘਰ,ਸਕੂਲ ਅਤੇ ਸਮਾਜ 'ਚ ਸਫਾਈ, ਪਾਣੀ, ਤਾਪਮਾਨ, ਕੁਦਰਤੀ ਸੰਸਾਧਨਾ, ਵਾਤਾਵਰਨ 'ਚ ਚੀਜ਼ਾ ਦਾ ਆਪਸੀ ਤਲਮੇਲ, ਪਰਿਸਥਿਤੀ ਵਿਗਿਆਨ, ਜੀਵ-ਜੰਤੂਆਂ, ਊਰਜਾ,ਬੀਮਾਰੀਆ, ਹਵਾ ਆਦਿ ਬਾਰੇ ਦੱਸਿਆ ਜਾਂਦਾ ਹੈ।

### 2.2.7 ਕਿਤਾਬ 'ਚ ਸਿਹਤ ਦਾ ਚਿੱਤਰਣ (Health representations in Text Books)

ਸਿਹਤ ਬਾਰੇ ਪ੍ਰਚਾਰ ਕਰਕੇ ਅਸੀ ਸਾਰੇ ਲੋਕਾਂ ਨੂੰ ਇਸ ਕਾਬਿਲ ਸਸ਼ਕਤੀਕਰਣ ਕਰ ਸਕਾਂਗੇ ਜਿਸ ਨਾਲ ਉਹ ਆਪਣੀ ਤੰਦਰੁਸਤੀ ਨੂੰ ਬਣਾਏ ਰੱਖਣ। ਸਿਹਤ ਦੇ ਪ੍ਰਚਾਰ ਸੱਭ ਤੋਂ ਜ਼ਰੂਰੀ ਮਾਧਿਅਮ ਸਿਹਤ ਸਿੱਖਿਆ ਨੂੰ ਮੰਨਿਆ ਜਾਂਦਾ ਹੈ ਅਤੇ ਸਕੂਲਾਂ 'ਚ ਅਸੀ ਆਸਾਨੀ ਨਾਲ ਇਸ ਵਿਸ਼ੇ ਉੱਤੇ ਰੋਸ਼ਨੀ ਪਾ ਸਕਦੇ ਹਾਂ।

UNICEF ਅਨੁਸਾਰ ਸਕੂਲਾਂ ਨੂੰ ਵਿਸ਼ਵ 'ਚ ਸੱਭ ਤੋਂ ਵੱਡਾ ਸੂਚਨਾ ਬਾਰੇ ਪ੍ਰਸਾਰਨ ਦਾ ਮਾਧਿਅਮ ਮੰਨਿਆ ਜਾਂਦਾ ਹੈ ਭਾਵੇਂ ਇਹ ਸੂਚਨਾ ਪਰਿਵਾਰ, ਸਮਾਜ ਜਾਂ ਬੱਚਿਆ ਤੱਕ ਹੀ ਪਹੁੰਚਦੀ ਹੋਵੇ।

ਸਕੂਲ ਦੀਆਂ ਪੁਸਤਕਾਂ ਨੂੰ ਸਿਹਤ ਬਾਰੇ ਸਿੱਖਿਆ ਦੇਣ ਲਈ ਜ਼ਰੂਰੀ ਭਾਗ ਮੰਨਿਆ ਗਿਆ ਹੈ। ਇਹ ਕਲਾਸਰੂਮ 'ਚ ਸੱਭ ਤੋਂ ਪ੍ਰਮੁੱਖ ਸੰਦ ਦੇ ਤੌਰ ਤੇ ਵਰਤੋਂ 'ਚ ਲੈ ਕੇ ਆਇਆਂ ਜਾਂਦੀਆਂ ਹਨ। ਉਦਾਹਰਨ ਦੇ ਤੌਰ ਤੇ ਮਿਡ ਡੇ ਮੀਲ ਸਕੀਮ (Mid Day Meal Scheme) ਨੂੰ ਹੋਂਦ 'ਚ ਲਿਆਉਣਾ।

ਹਿਸਾਬ 'ਚ ਵਾਤਾਵਰਣ ਨੂੰ ਅਧਿਆਪਨ ਦੀ ਸਾਮਗ੍ਰੀ ਦੇ ਤੌਰ ਤੇ ਵਰਤੋਂ 'ਚ ਲਿਆਇਆ ਜਾਂਦਾ ਹੈ। ਜਿਵੇਂ ਕਿ ਵੱਖ-ਵੱਖ ਆਕਾਰਾਂ (Shapes) , ਮਾਪਨ ਅਤੇ ਚਿੱਤ੍ਰਕਾਰੀ 'ਚ ਵਾਤਾਵਰਣ ਦੇ ਤੱਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਹਿਸਾਬ ਦੇ ਸਵਾਲ ਵੀ ਵਾਤਾਵਰਣ ਨੂੰ ਪ੍ਰਮੁੱਖ ਰੱਖ ਕੇ ਬਣਾਏ ਜਾਂਦੇ ਹਨ। ਅੱਜ ਸੂਚਨਾ ਅਤੇ ਸੰਚਾਰ ਤਕਨੀਕੀ ਦੀ ਮਦਦ ਨਾਲ ਅਸੀ ਵਾਤਾਵਰਣ ਬਾਰੇ ਸਾਰੀ ਸੂਚਨਾ ਹਾਸਿਲ ਕਰ ਸਕਦੇ ਹਾਂ। ਬੱਚਿਆ ਨੂੰ ਵਾਤਾਵਰਣ ਦੇ ਅਨੁਸਾਰ ਰੋਜਗਾਰ ਦੇ ਕੌਸ਼ਲ ਪ੍ਰਦਾਨ ਕਰਾਉਣੇ ਚਾਹੀਦੇ ਹਨ ਜਿਵੇਂ ਕਿ ਮਿੱਟੀ ਦੇ ਭਾਡੇ ਜਾਂ ਕੁੰਭਕਾਰੀ, ਟੋਕਰੀਆਂ ਬਣਾਉਣੀਆਂ, ਖੇਤੀ-

ਬਾੜੀ, ਸਿਹਤ ਦੀ ਸੰਭਾਲ, ਵਾਤਾਵਰਣ ਦੀ ਕਦਰ ਕਰਨੀ ਆਦਿ।

ਭਾਸ਼ਾ 'ਚ ਵਾਤਾਵਰਣ ਦੇ ਤੱਤਾਂ ਦੀ ਕਵਿਤਾ, ਸ਼ਬਦਾਵਲੀ, ਪੈਰੇ ਆਦਿ 'ਚ ਭਰਪੂਰ ਵਿਆਖਿਆ ਕੀਤੀ ਜਾਂਦੀ ਹੈ ਸਾਡੇ ਸਮਾਜ 'ਚ ਵਾਤਾਵਰਣ ਦੀ ਸਿੱਖਿਆ ਦੇਣੀ ਬਹੁਤ ਹੀ ਅਹਿਮ ਨੀਤੀ ਹੈ ਜਿਸ ਨਾਲ ਸਾਨੂੰ ਸਾਡੇ-ਸੰਭਾਲ ਬਾਰੇ ਜਾਣਕਾਰੀ ਹਾਸਿਲ ਹੋਵੇਗੀ।

### 2.2.8 ਸਾਰਾਂਸ:

ਇਸ ਪਾਠ 'ਚ ਅਸੀ ਪੁਸਤਕਾਂ ਅਤੇ ਸਮਾਜਿਕ ਪਰੀਵਤਨ 'ਚ ਪੁਸਤਕਾਂ ਇਕ ਸੰਦ, ਕਿਤਾਬਾਂ 'ਚ ਲਿੰਗ, ਵਾਤਾਵਰਨ, ਸਿਹਤ ਦਾ ਚਿੱਤਰਣ ਬਾਰੇ ਜਾਣਕਾਰੀ ਹਾਸਿਲ ਕੀਤੀ ਹੈ। ਮਨੁੱਖੀ ਹੱਕਾਂ ਦੇ ਨਾਲ –ਨਾਲ ਲਿੰਗ ਦਾ ਪੁਲਿੰਗ ਅਤੇ ਇਸਤਰੀ ਲਿੰਗ ਦੇ ਆਧਾਰ ਤੇ ਵੰਢ ਕਰਕੇ ਇਹਨਾਂ ਸਾਰਿਆ ਨੂੰ ਸਿੱਖਿਆ ਦਾ ਹੱਕ ਦੇਣਾ ਸਮਾਜ 'ਚ ਬਰਾਬਰਤਾ ਦਾ ਪ੍ਰਤੀਕ ਹੈ। ਸਮਾਜ ਦੀ ਤਰੱਕੀ ਨੂੰ ਕਾਇਮ ਰੱਖਣ ਲਈ ਵਾਤਾਵਰਣ ਅਤੇ ਸਿਹਤ ਦਾ ਵੀ ਪੁਸਤਕਾਂ 'ਚ ਚਿੱਤਰਣ ਕਰਕੇ ਚਿੰਤਨ ਕਰਨਾ ਬਣਦਾ ਹੈ।

2.2.9 ਸੁਝਾਵੇਂ ਪ੍ਰਸ਼ਨ

1. ਪੁਸਤਕ ਕੀ ਹੁੰਦੀ ਹੈ? ਇਹ ਸਮਾਜਿਕ ਪਰੀਵਰਤਨ ਲਈ ਜ਼ਰੂਰੀ ਕਿਉਂ ਹੈ?

੫. ਪੁਸਤਕਾਂ ਕਿਵੇਂ ਲਿੰਗ, ਸਿਹਤ ਅਤੇ ਵਾਤਾਵਰਣ ਦਾ ਪਰਾਵਰਤਨ ਕਰਦੀਆਂ ਹਨ?

2.2.10 ਸੁਝਾਉ ਸਾਮਗ੍ਰੀ **(Suggested Readings)**

UNESCO: www.unesco.org
International Institute for Educational Planning (IIEP): www.unesco.org/iiep
International Bureau of Education (IBE): www.ibe.unesco.org
Association for the Development of Education in Africa (ADEA): www.adeanet.org
Georg Eckert Institute – Institute for International Textbook Research (GEI): www.gei.de
International Association for Research on Textbooks and Educational Media (IARTEM):
www.iartem.no/index.htm
International Centre for Girls' and Women's Education in Africa (CIEFFA): www.cieffa.org
Forum for African Women Educationalists (FAWE): www.fawe.org
*Gender and education for all: the leap to equality; EFA global monitoring report*, UNESCO,
2003/4: www.efareport.unesco.org
*Plan of Action for the first phase of the World Programme for Human Rights Education*,
NCERT books of class ninth and tenth.